# *ਧਰਮ ਅਤੇ ਸਿਆਸਤ ਦੀ ਭਾਈਵਾਲੀ ਇਕ ਸਰਵੇਖਣ*

## ਧਰਮ :-

ਗੁਰਬਾਣੀ ਅਨੁਸਾਰ ਕਰਤਾ ਪੁਰਖ ਦੀ ਹੋਂਦ-ਹਸਤੀ ਤੇ ਪੂਰਨ ਵਿਸ਼ਵਾਸ ਅਤੇ ਉਸ ਵਿਚ ਲੀਨ ਹੋਣ ਲਈ ਨਾਮ ਸਿਮਰਨ ਕਰਨਾ ਮਨੁੱਖ ਮਾਤਰ ਦਾ ਪਰਮ ਧਰਮ ਹੈ:-

ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (੨੬੬)

ਕਰਤਾ ਪੁਰਖ ਦੀ ਹਸਤੀ ਦੇ ਵਿਸ਼ਵਾਸੀ ਧਰਮੀ ਮਨੁੱਖ ਦਾ ਦ੍ਰਿਸ਼ਟੀ-ਕੋਣ ਸੁਤੇ-ਸਿਧ ਹੀ ਧਰਮ-ਪ੍ਰਭਾਵੀ ਹੁੰਦਾ ਹੈ। ਅਜਿਹਾ ਮਨੁਖ ਨਿਰਸੰਦੇਹ ਸਤ, ਸੰਤੋਖ, ਦਇਆ, ਧਰਮ, ਧਰਿਜ ਆਦਿ ਦੈਵੀ ਗੁਣਾਂ ਦਾ ਧਾਰਨੀ ਤੇ ਸਰਬੱਤ ਦੇ ਭਲੇ ਦਾ ਇੱਛਕ ਹੁੰਦਾ ਹੈ। ਸਤਿਗੁਰਾਂ ਨੇ ਦਸ ਜਾਮੇ ਧਾਰ ਕੇ ਧਰਮ ਨਿਬਾਹੁਣ ਦੇ ਪੂਰਨੇ ਪਾਏ ਅਤੇ ਆਪਣੇ ਅਨੁਆਈਆਂ ਨੂੰ ਧਰਮ-ਮਾਰਗ ਤੇ ਚਲ ਕੇ ਵਿਸ਼ਵ-ਸੰਸਾਰ ਨੂੰ ਧਰਮ-ਸ਼ਾਲ ਬਨਾਉਣ ਦਾ ਵਲ ਸਿਖਾਇਆ:-

ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥...
ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਵਾਣਦਾ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਹੁ ਜੀਉ॥੧੩॥ (੭੪)

ਧਰਮ-ਮਾਰਗ ਦੇ ਪਾਂਧੀ ਧਾਰਮਿਕ ਵਿਅਕਤੀ ਦਾ ਕਰਤੱਵ ਦੁਵੱਲੀ ਹੁੰਦਾ ਹੈ। ਇਕ ਪਾਸੇ ਮਨ, ਬਚ, ਕਰਮ ਕਰਕੇ ਧਰਮ ਨੂੰ ਨਿਬਾਹੁਣਾ ਤੇ ਆਪਣੇ ਧਾਰਮਿਕ ਕਿਰਦਾਰ ਦੁਆਰਾ ਧਰਮ ਦਾ ਪਰਸਾਰ ਕਰਨਾ, ਦੂਜੇ ਪਾਸੇ ਅਧਰਮ ਦੇ ਟਾਕਰੇ ਲਈ ਹਰ ਕੁਰਬਾਨੀ ਕਰਨ ਲਈ ਤੱਤਪਰ ਰਹਿਣਾ। ਇਸ ਤਰ੍ਹਾਂ ਸਤ ਪੁਰਸ਼ਾਂ ਨੂੰ ਉਤਸ਼ਾਹਤ ਕਰਨਾ ਅਤੇ ਅਧਰਮੀ ਦੁਸ਼ਟ ਦੋਖੀਆਂ ਨੂੰ ਸੋਧਣਾ ਪ੍ਰਬੋਧਣਾ ਵੀ ਧਰਮ ਦੇ ਹੀ ਕਾਰਜ-ਖੇਤਰ ਵਿਚ ਆਉਂਦਾ ਹੈ। ਇਹ ਹੈ ਮੀਰੀ ਤੇ ਪੀਰੀ ਦਾ ਸੁਮੇਲ:

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਰਿਨ ॥੪੩॥
- ਬਚਿਤ੍ਰ ਨਾਟਕ ਪਾ:੧੦, ਅਧਿ:੬

## ਸਿਆਸਤ :-

ਆਪਣੇ ਮੂਲ਼ ਅਤੇ ਸ਼ੁਧ ਰੂਪ ਵਿਚ ਸਿਆਸਤ ਮਨੁਖ ਨੂੰ ਆਪਣੇ ਭਾਈਚਾਰੇ ਨਾਲ ਸਦ-ਭਾਵਨਾ ਵਾਲਾ ਵਤੀਰਾ ਹੀ ਸਿਖਾਂਉਦੀ ਹੈ। ਪਰ ਵਰਤਮਾਨ ਸਿਆਸਤ ਦਾ ਨਿਸ਼ਾਨਾ ਕੇਵਲ ਸੁਆਰਥ-ਸਿਧੀ ਹੀ ਬਣ ਗਿਆ ਹੈ। ਅਸੀਂ ਪ੍ਰਤੱਖ ਦੇਖ ਰਹੇ ਹਾਂ ਕਿ ਸਿਆਸੀ ਲੋਕ ਆਪਣੀ ਸੁਆਰਥ-ਸਿਧੀ ਲਈ ਹਰ ਜਾਇਜ਼ ਨਜਾਇਜ਼ ਹਰਬਾ ਨਿਸੰਗ ਹੋ ਕੇ ਵਰਤਦੇ ਹਨ।

ਹੋਰ ਸਿਆਸੀ ਪਾਰਟੀਆਂ ਨੂੰ ਛਡੋ, ਅਸੀਂ ਅਕਾਲੀ ਪਾਰਟੀ ਨੂੰ ਲੈਂਦੇ ਹਾਂ, ਜਿਹੜੀ ਧਰਮ ਤੇ ਸਿਆਸਤ ਨੂੰ ਸਾਂਝੀ ਮੰਨਦੀ ਹੈ । ਸਵਾਲ ਹੈ, ਕੀ ਵਾਕਿਆ ਹੀ ਅਕਾਲੀ ਸਿਆਸਤ ਧਰਮ ਜਿੰਨੀ ਸਵੱਛ ਤੇ ਨਿਰਮਲ ਹੈ? ਅੱਜ ਕਿਸ

ਤੋਂ ਲੁਕਿਆ ਛਿਪਿਆ ਹੈ ਕਿ ਅਕਾਲੀ ਸਿਆਸਤ ਬਾਕੀ ਸਿਆਸੀ ਪਾਰਟੀਆਂ ਦੀ ਸਿਆਸਤ ਵਾਂਗ ਹੀ ਕੁਟਲ ਹੈ। ਆਪਣਾ ਉੱਲੂ ਸਿੱਧਾ ਕਰਨ ਲਈ ਗੱਲ ਗੱਲ ਤੇ ਝੂਠ ਬੋਲਣਾ, ਝਾਂਸੇ-ਬਾਜ਼ੀ ਕਰਨਾ ਅੱਜ ਦੇ ਸਿਆਸੀ ਲੋਕਾਂ ਦਾ ਕਿਰਦਾਰ ਹੈ। ਅਕਾਲੀ ਸਿਆਸਤ-ਦਾਨਾਂ ਦਾ ਇਹ ਵਾਧਾ ਹੈ ਕਿ ਉਹ ਸਾਰਾ ਕੂੜ ਕੁਸੱਤ ਧਰਮ ਦੇ ਨਾਂ ਥੱਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਰਦੇ ਹਨ। ਇਸ ਤਰ੍ਹਾਂ ਇਹ ਦੂਹਰੇ ਮੁਜਰਮ ਹਨ। ਸੱਚ ਤਾਂ ਇਹ ਹੈ ਕਿ ਧਰਮ ਦੀ ਕੁਵਰਤੋਂ ਕਰ ਕਰ ਕੇ ਇਹਨਾਂ ਅਕਾਲੀ ਸਿਆਸਤਦਾਨਾਂ ਨੇ ਧਰਮ ਦੇ ਪਿੰਡੇ ਦਾ ਸਾਰਾ ਖ਼ੂਨ ਨਿਚੋੜ ਸੁਟਿਆ ਹੈ।

ਇਹ ਅਕਾਲੀ ਵੀਰ ਧਰਮ ਨਾਲ ਵੀ ਸਿਆਸਤ ਵਰਤਦੇ ਹਨ। ਇਹਨਾਂ ਨੇ ਪੰਥਕ ਪਾਰਟੀ ਦਾ ਬੁਰਕਾ ਪਾਇਆ ਹੋਇਆ ਹੈ। ਗੱਲੀਂ ਬਾਤੀਂ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਵੁੱਚ ਦਸਦੇ ਹਨ, ਪਰ ਜਦੋਂ ਇਹਨਾਂ ਦੀਆਂ ਆਪ-ਹੁਦਰੀਆਂ ਹਰਕਤਾਂ ਨਾਲ ਪੰਥ ਦੀ ਹਾਨੀ ਹੁੰਦੀ ਵੇਖ ਕੇ, ਸ੍ਰੀ ਅਕਾਲ ਤਖ਼ਤ ਇਹਨਾਂ ਨੂੰ ਆਪ-ਮੁਹਾਰੀਆਂ ਤੋਂ ਰੋਕਦਾ ਟੋਕਦਾ ਹੈ ਤਾਂ ਇਹ ਕਾਂਵਾਂ-ਰੌਲੀ ਪਾ ਦੇਂਦੇ ਹਨ, 'ਸ੍ਰੀ ਅਕਾਲ ਤਖ਼ਤ ਨੂੰ ਸਿਆਸਤ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ'। ਇਹਨਾਂ ਅਕਲ ਦੇ ਧਨੀਆਂ ਤੋਂ ਕੋਈ ਪੁੱਛੇ ਕਿ ਜੇ ਧਰਮ ਦਾ ਸਿਆਸਤ ਵਿਚ ਕੋਈ ਦਖ਼ਲ ਨਹੀਂ ਤਾਂ 'ਸਿਆਸਤ ਧਰਮ ਦੀ ਤਾਬਿਆ' ਦਾ ਹੋਰ ਕੀ ਭਾਵ ਹੈ, ਜਿਸ ਦਾ ਵਾਸਤਾ ਪਾ ਕੇ ਉਹ ਸਿੱਖ ਜਨਤਾ ਤੋਂ ਵੋਟਾਂ ਬਟੋਰਦੇ ਹਨ।

ਕੌਣ ਨਹੀਂ ਜਾਣਦਾ, ਵਰਤਮਾਨ ਕਾਲ ਵਿਚ ਚੌਧਰ ਦੀ ਕੁਰਸੀ ਤੇ ਬੈਠੇ ਇਹਨਾਂ ਅਕਾਲੀ ਭਾਈਆਂ ਨੇ ਇਕ ਵਾਰੀ ਨਹੀਂ, ਅਨੇਕ ਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਕੁਮਾਂ ਦੀ ਉਲੰਘਣਾ ਕਰ ਕੇ ਸ੍ਰੀ ਅਕਾਲ ਤਖ਼ਤ ਦੀ ਸ਼ੋਭਾ ਸ਼ਕਤੀ ਨੂੰ ਘਟਾਉਣ ਦੀ ਕਾਲੀ ਕਰਤੂਤ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਰੋਧੀਆਂ ਨੂੰ ਇਸ ਦੀ ਸ਼ੋਭਾ ਸ਼ਕਤੀ ਸਦਾ ਰਕੜਦੀ ਹੈ, ਇਸ ਲਈ ਉਹਨਾਂ ਨੇ ਸਦਾ ਸ੍ਰੀ ਅਕਾਲ ਤਖ਼ਤ ਦੇ ਬਾਗ਼ੀ ਅਕਾਲੀ ਟੋਲੇ ਦੀ ਪਿਠ ਠੋਕੀ ਹੈ।

ਧਰਮ ਦੇ ਵਾਰਸਾਂ ਮੂਹਰੇ ਇਹ ਸਮੱਸਿਆ ਗੰਭੀਰ ਰੂਪ ਵਿਚ ਆ ਖੜੀ ਹੈ ਕਿ ਇਹਨਾਂ ਟੁਕੜ-ਬੋਚ ਤੇ ਕੁਰਸੀਆਂ ਦੇ ਭੁਖੇ ਸਿਆਸਤਦਾਨਾਂ ਤੋਂ ਧਰਮ ਨੂੰ ਕਿਵੇਂ ਬਚਾਇਆ ਜਾਵੇ?

ਮਸਲਾ ਬਿਲਕੁਲ ਸਪਸ਼ਟ ਹੈ। ਧਰਮ ਤੇ ਸਿਆਸਤ ਇਹਨਾਂ ਦੋਹਾਂ ਦਾ ਮੂਲ-ਮੰਤਵ ਇਕ ਦੂਜੇ ਤੋਂ ਵਿਰੋਧੀ ਹੈ। ਧਰਮ ਮਨੁਖ ਨੂੰ ਸਤ, ਸੰਤੋਖ, ਦਇਆ, ਧੀਰਜ, ਤਿਆਗ, ਕੁਰਬਾਨੀ, ਸਹਨ-ਸ਼ੀਲਤਾ ਤੇ ਪਰਉਪਕਾਰ ਦਾ ਉਪਦੇਸ਼ ਦਿੰਦਾ ਹੈ, ਜਦ ਕਿ ਸਿਆਸਤ ਵਿਚ ਹਉਮੈ, ਨਿਜ-ਸੁਆਰਥ, ਲੋਭ ਲਾਲਚ, ਧੋਖਾ, ਫ਼ਰੇਬ, ਕੁਟਲਤਾ ਤੇ ਕੂੜ-ਕੁਸੱਤ ਦਾ ਵਰਤਾਰਾ ਪ੍ਰਤੱਖ ਵਰਤ ਰਿਹਾ ਹੈ। ਸੁਆਲ ਸਿੱਧਾ ਤੇ ਸਪੱਸ਼ਟ ਹੈ ਕਿ ਨਿਰਮਲਤਾ ਤੇ ਸੁਅਛਤਾ ਦੇ ਪੁੰਜ 'ਧਰਮ' ਦੀ, ਕੁਟਿਲਤਾ ਤੇ ਕੁਸੱਤ ਦੀ ਪੁੰਜ 'ਸਿਆਸਤ' ਨਾਲ ਸਾਂਝ ਕਾਹਦੀ? ਗੁਰ ਫੁਰਮਾਨ ਹੈ-

ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥੨੬॥ (੩੧੪)

ਅੱਜ ਤੱਕ ਦੀ ਧਰਮ ਤੇ ਸਿਆਸਤ ਦੀ ਭਾਈਵਾਲੀ ਦਾ ਨਤੀਜਾ ਸਾਡੇ ਸਾਹਮਣੇ ਹੈ। ਕੀ ਸਿਆਸਤ ਨੇ ਧਰਮ ਦਾ ਮੂੰਹ-ਮੱਥਾ ਵਿਗਾੜ ਕੇ ਇਸ ਦੀ ਪੁਜ਼ੀਸ਼ਨ ਹਾਸੋਹੀਣੀ ਨਹੀਂ ਕੀਤੀ? ਕੀ ਅਜੇ ਕੋਈ ਕਸਰ ਬਾਕੀ ਹੈ? ਕੀ ਇਸ ਤੋਂ ਸਬਕ ਨਹੀਂ ਸਿਖਣਾ ਬਣਦਾ? ਗੁਰਬਾਣੀ ਅਗਵਾਈ ਕਰਦੀ ਹੈ :-

ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥੬॥ (੧੩੬੮)

ਧਰਮ ਨੂੰ ਸਦਾ ਹੱਥ-ਠੋਕਾ ਬਣਾ ਕੇ ਵਰਤਣ ਵਾਲੇ ਕੁਟਲ ਸਿਆਸਤਦਾਨ ਆਪਣੇ ਸੁਆਰਥ ਲਈ ਇਸ ਸੰਬੰਧ ਵਿਚ ਫਿਰ ਮੀਰੀ ਪੀਰੀ ਦੀ ਸਾਂਝ ਦਾ ਹਵਾਲਾ ਦੇਣਗੇ। ਉਹਨਾਂ ਤੋਂ ਕੋਈ ਪੁੱਛੇ:-

(੧) ਕੀ 'ਖ਼ਾਲਸਈ ਮੀਰੀ' ਵੋਟਾਂ ਦੇ ਆਧਾਰ ਤੇ ਉਸਰੀ ਸੀ?
(੨) ਕੀ 'ਖ਼ਾਲਸਈ ਮੀਰੀ' 'ਮੀਰੀ' ਦੀ ਤਾਬਿਆ ਵਿਚ ਸੀ ਜਾਂ ਇਸ ਤੋਂ ਉਪਰ?
(੩) ਕੀ 'ਖ਼ਾਲਸਈ ਮੀਰੀ' 'ਪੀਰੀ' ਦੀ ਸ਼ੋਭਾ-ਸ਼ਕਤੀ ਵਧਾਉਣ ਲਈ ਸੀ ਜਾਂ ਇਸ ਦਾ ਨਮੂਜ ਬਿਗਾੜਨ ਲਈ, ਤੇ ਪੀਰੀ ਵਿਰੁਧ ਬਗ਼ਾਵਤ ਕਰਨ ਲਈ?
(੪) ਕੀ 'ਖ਼ਾਲਸਈ ਮੀਰੀ' ਦਿੱਲ਼ੀ ਦੇ ਅਨਿਆਈਂ ਤੇ ਜ਼ਾਲਮ ਤਾਜਦਾਰਾਂ ਦੇ ਅਧੀਨ ਸੀ ਜਾਂ ਉਹਨਾਂ ਦੇ ਟਾਕਰੇ ਤੇ?
(੫) ਕੀ 'ਖਾਲਸਈ ਮੀਰੀ' ਦਾ ਮੂਲ ਮੰਤਵ ਸਰਬੱਤ ਦਾ ਭਲਾ ਸੀ ਜਾਂ ਨਿਜੀ ਸੁਆਰਥ ਅਧੀਨ ਲੁੱਟ-ਖਸੁਟ ?

ਅਕਾਲੀ ਸਿਆਸਤਦਾਨਾਂ ਦੀ ਮੀਰੀ ਸਾਡੇ ਸਾਹਮਣੇ ਹੈ। ਹਕੂਮਤ ਦੀ ਕੁਰਸੀ ਤੇ ਬੈਠਾ ਅਕਾਲੀ-ਸਿਆਸਤਦਾਨ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਾ ਹੈ। ਇਸਦਾ ਨਾ ਕੋਈ ਦੀਨ ਹੈ ਨਾ ਧਰਮ। ਇਕੋ ਨਿਸ਼ਾਨਾ ਹੈ ਬਸ ਕੁਝ ਮਿਲੇ! ਕਿਧਰੋਂ ਮਿਲੇ!! ਕਿਵੇਂ ਮਿਲੇ!!! ਤੇ ਇਸ ਲਈ ਦੀਨ ਈਮਾਨ ਵੇਚਣ ਲਈ ਹਰ ਦਮ ਤਿਆਰ ਹੈ। 'ਪੰਜੇ ਐਬ ਸ਼ਰੱਈ' ਇਹ ਕਾਲਾ ਕਿਰਦਾਰ ਧਰਮ ਦੇ ਬੁਰਕੇ ਥੱਲੇ ਲੁਕਾਉਣ ਲਈ ਬਾਹਰੋਂ 'ਧਰਮ' 'ਧਰਮ' ਦੀ ਰਟ ਲਾਉਂਦਾ ਹੈ, ਉਂਜ ਅੰਦਰੋਂ ਇਸ ਦੀ ਨੀਯਤ ਖਰੀ ਨਹੀਂ।

ਸੋ ਹੁਣ ਸਮੇਂ ਦੀ ਵੰਗਾਰ ਹੈ ਕਿ ਧਰਮ ਦੇ ਵਾਰਸ ਧਰਮ ਨੂੰ ਸਿਆਸਤ ਦੇ ਚੁੰਗਲ ਵਿਚੋਂ ਕੱਢਣ ਲਈ ਖ਼ਬਰਦਾਰ ਹੋ ਜਾਣ। ਕੀ ਇਤਿਹਾਸ ਗਵਾਹ ਨਹੀਂ ਕਿ ਧਰਮ ਦੇ ਪਰਸਾਰ ਲਈ ਥਾਪੇ ਮਸੰਦ ਜਦੋਂ ਸੁਆਰਥੀ ਅਤੇ ਵਿਕਾਰੀ ਹੋ ਗਏ ਤਾਂ ਸਤਿਗੁਰਾਂ ਨੇ ਉਹਨਾਂ ਨੂੰ ਤੇਲ ਪਾ ਕੇ ਫੂਕਿਆ ਤੇ ਸਿੱਖ ਸੰਗਤਾਂ ਨੂੰ 'ਖ਼ਾਲਸਾ' ਬਣਾ ਕੇ ਸਿੱਧਾ ਆਪਣੇ ਨਾਲ ਜੋੜ ਲਿਆ। ਅੱਜ ਵੀ ਲੋੜ ਹੈ ਕਿ ਸ੍ਰੀ ਅਕਾਲ ਤਖ਼ਤ, ਆਪਣੀ ਪ੍ਰਤੀਨਿਧ ਸੰਸਥਾ 'ਸ਼੍ਰੋਮਣੀ ਅਕਾਲੀ ਦਲ' ਨੂੰ ਕੁਟਲ ਸਿਆਸਤਦਾਨਾਂ ਦੇ ਪੰਜੇ ਤੋਂ ਖੋਹ ਕੇ ਸਿਧਾ ਆਪਣੇ ਨਾਲ ਜੋੜ ਲਵੇ ਤੇ ਸ਼੍ਰੋਮਣੀ ਅਕਾਲੀ ਦਲ ਧਰਮ ਦੀ ਚੜ੍ਹਦੀ ਕਲਾ ਲਈ ਬਾਨ੍ਹਣੂੰ ਬੰਨ੍ਹੇ। ਇਸ ਮੰਤਵ ਲਈ ਅੰਮ੍ਰਿਤ-ਸਿੰਚਾਰ ਦੀ ਲਹਿਰ ਚਲਾਈ ਜਾਵੇ ਤੇ ਸਿੱਖ ਜਨਤਾ ਨੂੰ ਸ਼ਰਾਬ ਕਬਾਬ ਦੀ ਜਿਲ੍ਹਣ ਵਿਚੋਂ ਕੱਢ ਕੇ 'ਨਾਮ ਮਹਾ ਰਸ' ਵਲ ਪ੍ਰੇਰਤ ਕਰੇ। ਇਹ ਕੌਮੀ ਪਾਰਟੀ ਨਿਰੋਲ ਸਿੱਖ ਧਾਰਮਿਕ ਮੰਗਾਂ ਲਈ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਵਿਚ ਸੰਘਰਸ਼ ਕਰੇ।

ਸਿਰਲਥ ਮਰ-ਜੀਉੜਿਆਂ ਦੀ ਕੌਮੀ ਪਾਰਟੀ ਸ਼ਰੋਮਣੀ ਅਕਾਲੀ ਦਲ, ਜਿਸ ਦਾ ਬੜਾ ਗੌਰਵ-ਸ਼ੀਲ ਪਿਛੋਕੜ ਹੈ, ਸਾਰੇ ਗੁਰਦਵਾਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਏ, ਤਾਂ ਜੁ ਗੁਰਦੁਆਰਾ ਫ਼ੰਡ ਦੀ ਸਿਆਸੀ ਪ੍ਰਯੋਜਨਾਂ ਲਈ ਕੁਵਰਤੋਂ ਬੰਦ ਹੋਵੇ। ਕੁਰਸੀਆਂ ਦੇ ਇੱਛਕ ਸਿਆਸਤਦਾਨ ਆਪਣੀ ਕੋਈ ਵੱਖਰੀ ਸਿਆਸੀ ਪਾਰਟੀ ਪਏ ਬਣਾਉਣ, ਧਰਮ ਦੀ ਓਟ ਨਾ ਲੈਣ। ਏਸੇ ਵਿਚ ਪੰਥ ਦਾ ਭਲਾ ਹੈ।

*****

*(ਧੰਨਵਾਦ ਸਹਿਤ 'ਸੂਰਾ' ਮਾਰਚ ੧੯੮੨)*